**International Journal of Research in Social Sciences**
**Vol. 13 Issue 09, September 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਗੁਰੂ ਤੇਗ਼ ਬਹਾਦਰ ਬਾਣੀ ਵਿੱਚ ਮਨੁੱਖੀ ਅਧਿਕਾਰ ਅਤੇ ਸਤਿਕਾਰ

**ਮਨਦੀਪ ਕੌਰ**,
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

**ਸਾਰ:-** ਮਨੁੱਖ ਇੱਕ ਸਮਾਜਿਕ ਜੀਵ ਹੈ, ਜਿਸਦੀ ਸਥਿਰਤਾ ਆਪਸੀ ਸੰਚਾਰ/ਸੰਵਾਦ ਅਤੇ ਲੋੜਾਂ ਦੀ ਪੂਰਤੀ ਕਾਰਨ ਅਗਾਂਹ ਫ਼ੈਲਦੀ ਹੈ। ਅਜਿਹੇ ਅਨੇਕਾਂ ਪੱਖ ਹਨ, ਜਿਹੜੇ ਮਨੁੱਖ ਨੂੰ ਸਮਾਜਿਕ ਬੰਧਨਾਂ ਵਿੱਚ ਬੰਨ੍ਹਦੇ ਹੋਏ, ਇੱਕ ਦੂਜੇ ਨਾਲ ਜੋੜੀ ਰੱਖਦੇ ਹਨ। ਮਨੁੱਖੀ ਜ਼ਿੰਦਗੀ ਨਾਲ ਸੰਬੰਧਿਤ ਪ੍ਰਮੁੱਖ ਤੱਤ ਹਨ: ਸਮਾਜ ਦਾ ਸਿਧਾਂਤ, ਪਰਿਵਾਰ ਦਾ ਸਿਧਾਂਤ, ਔਰਤ-ਮਰਦ ਦੇ ਆਪਸੀ ਸੰਬੰਧਾਂ ਦਾ ਸਿਧਾਂਤ, ਔਰਤ ਦਾ ਸਮਾਜ ਵਿਚਲਾ ਪੱਧਰ, ਮਨੁੱਖ ਦਾ ਦੇਸ਼-ਕੌਮ ਅਤੇ ਬ੍ਰਹਿਮੰਡੀ ਪਸਾਰੇ ਨਾਲ ਸੰਬੰਧ। ਇਹ ਸਾਰੇ ਪੱਖ/ਸਿਧਾਂਤ ਮਨੁੱਖੀ ਹੋਂਦ ਦੇ ਫ਼ੈਲਰਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਸਿਧਾਂਤਾਂ ਵਿੱਚ ਜਦੋਂ ਕਿਸੇ ਕਾਰਨ ਖੜੋਤ, ਅੰਤਰ ਜਾਂ ਉਤਰਾਅ-ਚੜ੍ਹਾਅ ਆ ਜਾਵੇ ਤਾਂ ਮਨੁੱਖੀ ਅਧਿਕਾਰਾਂ ਅਤੇ ਸਤਿਕਾਰ ਆਦਿ ਸਿਧਾਂਤਾਂ ਦੀ ਹੋਂਦ ਲਈ ਖ਼ਤਰਾ ਪੈਦਾ ਹੋ ਜਾਂਦਾ ਹੈ। ਅਸਲ ਵਿੱਚ ਸਮਕਾਲ ਦੀਆਂ ਪ੍ਰਸਥਿਤੀਆਂ ਦੀ ਉਥਲ-ਪੁਥਲ ਕਾਰਨ ਇਨ੍ਹਾਂ ਦੀ ਹੋਂਦ-ਸਥਿਤੀ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ।

**ਮੁੱਖ ਸ਼ਬਦ:-** ਗੁਰੂ ਤੇਗ਼ ਬਹਾਦਰ, ਅਧਿਕਾਰ, ਸਤਿਕਾਰ, ਮਨੁੱਖੀ ਸਮਾਜ, ਬਾਣੀ, ਸਿਧਾਂਤ।

**ਜਾਣ-ਪਛਾਣ:-** ਮਨੁੱਖੀ ਅਧਿਕਾਰ ਉਹ ਪੱਖ ਹਨ, ਜਿਹੜੇ ਮਨੁੱਖ ਨੂੰ ਜੀਵਨ ਜਿਉਂਣ ਦੇ ਯੋਗ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਵ ਜਿਹੜੇ ਮਨੁੱਖ ਨੂੰ ਸਮਾਨਤਾ, ਭਾਈਚਾਰਕ ਸਾਂਝ, ਇਤਫ਼ਾਕ ਅਤੇ ਸੰਜਮ ਨਾਲ ਜਿਉਂਣਾ ਸਿਖਾਉਂਦੇ ਹਨ। ਇਹ ਇੱਕ ਅਟੱਲ ਸੱਚਾਈ ਹੈ ਕਿ ਮਨੁੱਖ ਕੇਵਲ ਜਿਉਂਣਾ ਹੀ ਨਹੀਂ ਚਾਹੁੰਦਾ, ਸਗੋਂ ਉਹ ਸਤਿਕਾਰ ਅਤੇ ਸਨਮਾਨ ਭਰਿਆ ਜੀਵਨ ਜਿਉਂਣਾ ਚਾਹੁੰਦਾ ਹੈ। ਇਸ ਲਈ ਉਹ ਸਾਰੇ ਵਰਤ-ਵਿਵਹਾਰ ਅਤੇ ਨਿਭਾਅ, ਜਿਹੜੇ ਮਨੁੱਖ ਨੂੰ ਇੱਕ ਚੰਗੇਰਾ, ਸਕਾਰਾਤਮਕ, ਸਕੂਨ ਭਰਿਆ, ਸਤਿਕਾਰਤ ਅਤੇ ਮਾਣ ਵਾਲਾ ਜੀਵਨ ਜਿਉਂਣ ਦੇ ਯੋਗ ਬਣਾਉਂਦੇ ਹਨ, ਨੂੰ ਮਨੁੱਖੀ ਅਧਿਕਾਰਾਂ ਦੇ ਰੂਪ ਵਿੱਚ ਚਿਤਰਿਤ ਕੀਤਾ ਮਿਲਦਾ ਹੈ। ਅਸਲ ਵਿੱਚ ਸਮਾਜ ਵਿੱਚ ਵਸਦਾ ਮਨੁੱਖ ਤਾਂ ਹੀ ਵਿਕਾਸ ਕਰ ਸਕਦਾ ਹੈ, ਜੇਕਰ ਸਮਾਜ ਵੱਲੋਂ ਵਿਕਾਸ ਕਰਨ ਲਈ ਉਸਨੂੰ ਲੋੜੀਂਦੀਆਂ ਸਹੂਲਤਾਂ ਪ੍ਰਾਪਤ ਹੋਣ। ਇਨ੍ਹਾਂ ਸਹੂਲਤਾਂ ਨੂੰ ਹੀ ਅਧਿਕਾਰ ਦਾ ਨਾਂ ਦਿੱਤਾ ਜਾਂਦਾ ਹੈ।[1]

ਮਨੁੱਖੀ ਸਤਿਕਾਰ (Human Dignity) ਤੋਂ ਭਾਵ ਉਸ ਵਰਤ-ਵਿਵਹਾਰ ਤੋਂ ਹੈ, ਜਿਸ ਅਧੀਨ ਮਨੁੱਖ ਆਪਣੇ ਸੰਬੰਧੀ ਅਤੇ ਦੂਜਿਆਂ ਪ੍ਰਤੀ ਸਮਾਨ, ਚੰਗੇਰੀ, ਸਤਿਕਾਰਤ, ਹਲੀਮੀ ਭਰਪੂਰ, ਮਿੱਠ-ਬੋਲੜੀ ਅਤੇ ਉੱਤਮ ਸੋਚ ਰੱਖਦਾ ਹੈ ਅਤੇ ਚੰਗੇਰੇ ਜੀਵਨ-ਪੈਂਡੇ 'ਤੇ ਚੱਲਦਿਆਂ ਉਸਨੂੰ ਸੁੱਚਤਾ, ਸਹਿਜਤਾ ਅਤੇ ਬਿਨਾਂ ਸਵਾਰਥੀ ਲਾਭਾਂ ਤੋਂ ਨਿਭਾਉਂਦਾ ਹੈ ਤੇ ਦੂਜਿਆਂ ਨੂੰ ਨਿਭਾਉਣ ਲਈ ਪ੍ਰੇਰਿਤ ਕਰਦਾ ਹੈ। ਮਨੁੱਖੀ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਮਾਨਵੀ ਅਧਿਕਾਰ ਬਹੁਤ ਅਹਿਮੀਅਤ ਰੱਖਦੇ ਹਨ।

**ਗੁਰੂ ਤੇਗ਼ ਬਹਾਦਰ ਬਾਣੀ ਵਿੱਚ ਮਾਨਵੀ ਅਧਿਕਾਰ ਤੇ ਸਤਿਕਾਰ-** ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਹੋਂਦ ਬਰਕਰਾਰ ਰੱਖਣ ਲਈ ਸ਼ਹਾਦਤ ਦਿੱਤੀ। ਉਨ੍ਹਾਂ ਦੀ ਸ਼ਹਾਦਤ ਅਤੇ ਅਧਿਕਾਰ-ਕਰਤੱਵ ਲਈ ਆਪਾ ਵਾਰਨਾ ਆਦਿ ਵਰਤਾਰੇ ਅਜੋਕੇ ਮਨੁੱਖੀ-ਸਮਾਜ ਅੰਦਰ ਮਨੁੱਖੀ ਅਧਿਕਾਰਾਂ ਅਤੇ ਸਤਿਕਾਰ ਆਦਿ ਸੰਕਲਪਾਂ ਨੂੰ ਹਮੇਸ਼ਾਂ ਬਣਾਈ ਰੱਖਣ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦੇ ਹਨ। ਗੁਰੂ ਸਾਹਿਬ ਦੀ ਬਾਣੀ ਅਤੇ ਸ਼ਹਾਦਤ ਦੇ ਪਿਛੋਕੜਲੇ ਧਰਾਤਲ ਵਿੱਚੋਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੁਆਰਾ ਸੁਝਾਇਆ ਮਾਨਵਵਾਦੀ ਸਮਾਜ ਦਾ ਸੰਕਲਪ ਕਿਸੇ ਵਿਸ਼ੇਸ਼ ਸਮੁਦਾਇ/ਸਮਾਜ/ਧਰਮ/ਸੰਪ੍ਰਦਾਇ ਤੱਕ ਸੀਮਿਤ ਨਾ ਰਹਿ ਕੇ ਸਭ ਤਰ੍ਹਾਂ ਦੀਆਂ ਸਰਹੱਦਾਂ ਅਤੇ ਹੱਦ-ਬੰਦੀਆਂ ਉਲੰਘ ਕੇ ਸਮੁੱਚੇ ਸੰਸਾਰ ਤੱਕ ਫ਼ੈਲਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸੇ ਤਰ੍ਹਾਂ ਦੀ ਸੁਰ ਦਾ ਉਭਾਰ ਭਗਤ ਕਬੀਰ ਜੀ ਦੀ ਬਾਣੀ ਵਿੱਚ

[1] Mamta Arora (ed.), *Human Rights, Civilization and Culture in Emerging Globalised World*, Twentyfirst Century Publications, Patiala, 2016, p. 37

ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ, ਜਦੋਂ ਉਹ ਫ਼ਰਮਾਉਂਦੇ ਹਨ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[2]

ਇਹ ਇੱਕ ਅਟੱਲ ਸੱਚਾਈ ਹੈ ਕਿ ਦੂਜਿਆਂ ਦੇ ਸਤਿਕਾਰ (ਗੌਰਵ) ਤੋਂ ਪਹਿਲਾਂ ਆਪਣੇ ਆਪੇ ਦਾ ਸਤਿਕਾਰ ਜ਼ਰੂਰੀ ਹੈ। ਆਪੇ ਨੂੰ ਚੀਨਣਾ ਤੇ ਪਹਿਚਾਨਣਾ ਬਹੁਤ ਵੱਡੀ ਗੱਲ ਹੈ। ਸ਼ਾਹ ਹੁਸੈਨ ਵੀ ਆਪਣੀਆਂ ਕਾਫ਼ੀਆਂ ਵਿੱਚ ਕਹਿੰਦਾ ਹੈ ਕਿ 'ਬੰਦੇ ਆਪ ਨੂੰ ਪਛਾਣ, ਜੇ ਤੁਧ ਆਪਣਾ ਆਪ ਪਛਾਤਾ ਤਾ ਸਾਂਈ ਦਾ ਮਿਲਣ ਆਸਾਨ।' ਭਾਵ ਮਨੁੱਖ ਨੂੰ ਆਪਾ ਚੀਨਣ ਲਈ ਆਖਦਾ ਹੈ। ਇਸੇ ਤੱਥ ਦਾ ਬਿਆਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦੀਆਂ ਹੇਠ ਦਿੱਤੀਆਂ ਸਤਰਾਂ ਵਿੱਚ ਹੋਇਆ ਹੈ, ਜਦੋਂ ਉਹ ਸੰਬੋਧਨੀ ਸੁਰ ਵਿੱਚ ਸਾਧਕ/ਸੰਤ/ਜਗਿਆਸੂ ਨੂੰ ਆਪਾ ਚੀਨਣ ਤੇ ਪਹਿਚਾਨਣ ਲਈ ਸੰਬੋਧਿਤ ਹੁੰਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥[3]

ਅਸਲ ਵਿੱਚ ਆਪਣੇ ਆਪੇ ਦਾ ਸਤਿਕਾਰ ਕਰਨ ਤੇ ਕਰਵਾਉਣ ਵਾਲੀ ਸ਼ਕਤੀ ਮਨੁੱਖ ਨੂੰ ਆਪਣੇ ਅੰਦਰ ਲੁਕੀਆਂ ਤਾਕਤਾਂ/ਸ਼ਕਤੀਆਂ ਨੂੰ ਖੋਜਣ, ਮਹਿਸੂਸਣ, ਪਹਿਚਾਨਣ ਅਤੇ ਵਿਕਸਿਤ ਕਰਨ ਲਈ ਪ੍ਰੇਰਿਤ ਕਰਦੀ ਹੈ। ਆਪਣੇ ਆਪੇ ਨੂੰ ਚੀਨਣਾ ਅਤੇ ਪਹਿਚਾਨਣਾ ਮਨੁੱਖ ਨੂੰ ਅਧਿਆਤਮਿਕ, ਮਾਨਸਿਕ, ਨੈਤਿਕ, ਸਦਾਚਾਰਕ ਅਤੇ ਚਰਿੱਤਰ ਪ੍ਰਗਤੀ ਵੱਲ ਲੈ ਜਾਂਦਾ ਹੈ। ਅਜਿਹੇ ਵਿਚਾਰਧਾਰਕ ਦਰਸ਼ਨ ਦੀਆਂ ਅਨੇਕਾਂ ਉਦਾਹਰਨਾਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿੱਚ ਹੀ ਨਹੀਂ, ਸਗੋਂ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਹਨ ਜਿਵੇਂ:

(ੳ) ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥[4]

(ਅ) ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥[5]

ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਤੋਂ ਇਲਾਵਾ ਉਨ੍ਹਾਂ ਦੇ ਦੋਵੇਂ ਨਾਵਾਂ (ਤਿਆਗ ਮੱਲ ਅਤੇ ਤੇਗ਼ ਬਹਾਦਰ) ਵਿੱਚੋਂ ਵੀ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਤੇ ਸਤਿਕਾਰ ਆਦਿ ਸੰਕਲਪਾਂ ਦੇ ਹਿਤੈਸ਼ੀ ਹੋਣ ਦੇ ਦੁਜੈਲੇ ਅਰਥ ਪ੍ਰਗਟ ਹੁੰਦੇ ਹਨ। ਜਿਵੇਂ 'ਤਿਆਗ ਮੱਲ' ਨਾਂ ਦੇ ਸੰਦਰਭ ਵਿੱਚ ਉਹ ਹੱਸ ਕੇ ਵਿਸ਼ੇਸ਼ ਸਮੁਦਾਇ/ਧਰਮ ਦੇ ਸਤਿਕਾਰ ਦੀ ਰੱਖਿਆ ਹਿੱਤ ਆਪਣੇ ਸੀਸ ਦਾ ਨਿਡਰਤਾ ਤੇ ਸਹਿਜਤਾ ਨਾਲ ਜ਼ਾਲਮ ਹਕੂਮਤ ਅੱਗੇ ਤਿਆਗ ਕਰਦੇ ਹੋਏ ਇੱਕ ਅਖਾੜੇ ਦੇ ਮੱਲ (ਪਹਿਲਵਾਨ) ਵਾਂਗ ਜਿੱਤ ਦਾ ਪਰਚਮ ਲਹਿਰਾ ਕੇ ਜ਼ਾਲਮ ਸੱਤਾ ਦੀ ਕੱਟੜ ਧਾਰਮਿਕ ਹਵਸ ਨੂੰ ਕਾਬੂ ਕਰਦੇ ਅਤੇ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਦੀ ਰਾਖੀ ਕਰਦੇ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸੇ ਤਰ੍ਹਾਂ 'ਤੇਗ਼ ਬਹਾਦਰ' ਨਾਂ ਸਾਡੀ ਬੌਧਿਕਤਾ ਨੂੰ ਇਹ ਦ੍ਰਿਸ਼ਟੀ ਪ੍ਰਦਾਨ ਕਰਦਾ ਭਾਸਦਾ ਹੈ ਕਿ ਜਦੋਂ ਵੀ ਕੋਈ ਤੁਹਾਡੇ 'ਤੇ ਜਬਰ-ਜ਼ੁਲਮ ਕਰਦਾ ਹੈ ਤਾਂ ਤੁਸੀਂ ਉਸਦਾ ਸਾਹਮਣਾ ਵਿਚਾਰਾ ਬਣ ਕੇ ਨਹੀਂ, ਸਗੋਂ ਤੇਗ਼/ਤਲਵਾਰ ਦੇ ਧਨੀ/ਬਹਾਦਰ ਬਣ ਕੇ ਕਰਨਾ ਹੈ।

**ਸਿੱਟਾ:-** ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਬਾਣੀ ਵਿੱਚ ਮਨੁੱਖ ਨੂੰ ਗ੍ਰਹਿਸਥ ਜੀਵਨ ਭੋਗਦਿਆਂ ਤੇ ਕਿਰਤ ਦੀ ਹੋਂਦ ਵਿੱਚ ਰਹਿੰਦਿਆਂ ਹੋਇਆਂ ਆਪਸੀ ਸੰਬੰਧਾਂ ਅਤੇ ਜੀਵਨ ਵਿਚਲੀਆਂ ਲੋੜਾਂ ਨੂੰ ਸੁੱਚਤਾ ਤੇ ਕਿਰਤ-ਭਾਵੀ ਵਿਚਾਰਾਂ ਨਾਲ ਨਿਭਾਉਣ ਦੀ ਸਿੱਖਿਆ ਦੇਣੀ ਵੀ ਸਮਾਜ ਵਿੱਚ ਮਨੁੱਖੀ ਸਤਿਕਾਰ ਅਤੇ ਸਮਾਨਤਾ ਦੇ ਅਧਿਕਾਰ ਨੂੰ ਹੋਰ ਵਧੇਰੇ ਪ੍ਰਫੁਲਿਤਾ ਨਾਲ ਵੱਧਣ ਲਈ ਸਹਾਇਕ ਸਿੱਧ ਹੋ ਸਕਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿੱਚੋਂ ਮਨੁੱਖੀ ਅਧਿਕਾਰਾਂ ਅਤੇ ਸਤਿਕਾਰ ਨੂੰ ਉਭਾਰਦੇ

2 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1105
3 ਉਹੀ, ਪੰਨਾ 219
4 ਉਹੀ, ਪੰਨਾ 1426
5 ਉਹੀ, ਪੰਨਾ 1426

**International Journal of Research in Social Sciences**
**Vol. 13 Issue 09, September 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਹੋਰਨਾਂ ਪੱਖਾਂ ਨੂੰ ਅਜੋਕੇ ਵਿਸ਼ਵ-ਸਮਾਜ ਵਿੱਚ ਪਸਰੇ ਨਕਾਰਾਤਮਕ ਵਰਤਾਰਿਆਂ ਦੇ ਸੰਦਰਭ ਵਿੱਚ ਰੱਖ ਕੇ ਵਾਚਿਆ ਜਾ ਸਕਦਾ ਹੈ।